VIGILANCE BUREAU PUNJAB

**DDPO, BDPO and Panchayat Secy arrested in multi-crore Jheurheri panchayat land purchase scam**

Chandigarh/SAS Nagar February 20 : Punjab Vigilance Bureau today arrested former SAS Nagar District Development and Panchayat Officer (DDPO) Gurvinder Singh Sarao, Malvinder Singh BDPO and a Panchayat Secretary for committing misappropriation of about Rs. 8 crores regarding purchase of agricultural and commercial land at a cost of Rs. 23.62 crore for gram panchayat Jheurheri, SAS Nagar district with the compensation amount received from the government for acquisition of 36 acre panchayat land for construction of international airport. The Mohali court has sent all the accused for 2 days vigilance remand.

Disclosing this here today Vigilance Bureau Chief Director-cum-ADGP Mr BK Uppal said the investigation into the land purchase scam in Fatehgarh Sahib and Mohali districts has revealed bungling of crores of rupees by the accused officers and private persons. In this case the Bureau has registered a case under Sections 409, 420, 465, 467, 471, 120-B IPC and Section 13 (1) (d) read with 13 (2) of Prevention of Corruption Act against the officers posted at that time which includes Gurvinder Singh Sarao DDPO, Malvinder Singh BDPO, Ravinder Singh Panchayat Secretary, Gurpal Singh Sarpanch Jheurheri besides Surinder Singh of Mulepur, Fatehgarh Sahib, Mohamad Sohel of Sector 79, Mohali, Darshan Singh of Hallomajra, Chandigarh UT, Swarn Singh of village Tiwana, Mohali district and Darshan Singh of Kanwarpur (Uksi Jattan), Patiala district.

Mr Uppal informed that total 36 acres Shamlat Deh of gram panchayat Jheurheri in SAS Nagar district was acquired for construction of International Airport, Mohali for which Rs 1.50 crore per acre compensation was awarded and the government had released Rs 54.17 crore to the panchayat which were placed at the disposal of Director, Rural Development and Panchayats instead of Jheurheri Panchayat.

He added that the Panchayats Department had also found irregularities in the purchase of land in two villages of Fatehgarh Sahib and Mohali district and pointed out connivance of department officers and others. "The land was shown to have been purchased at exorbitant rate than the prevailing market rate at far off places against the interests of Jheurheri panchayat without taking prior sanction from the competent authority as required under the Act and Rules of the department and crores of amount has been swindled by the Sarpanch, department officers and other private persons", he added.

Vigilance Chief said Gurvinder Singh Sarao, who is presently posted as Additional Deputy Commissioner at Mansa, along with accused BDPO and village Sarpanch did not get prior approval of the government before purchasing land at Fatehgarh Sahib and Mohali for the gram panchayat as per the laid down provisions.

"The then DDPO Sarao had allowed the accused Sarpanch to purchase land though he is not competent to do so", he informed.

He added that accused Sarpanch in connivance with above mentioned officers and others had purchased more than 25 acres of agricultural land in village Karimpura and Kandipura in Fatehgarh Sahib district by spending a whopping sum of Rs 13.62 crore at a rate of Rs 54 lakh per acre approximately against the prevailing collector's rate of Rs 9.77 lakh. Even the market rate of the land in question was between Rs 15 lakh to Rs 17 lakh per acre. The accused have siphoned off about Rs. 6.45 crore by mentioning higher rates paid to the buyers. "As per the report of Deputy Commissioner Fatehgarh Sahib, the prevailing collector rate was 9.77 lakh per acre in the villages Karimpura and Kandipur in tehsil Bassi Pathana, where the land was purchased. The accused persons usurped an amount of Rs.6,45,56,656/- of the Panchayat in this purchase of land", said Mr Uppal.

Vigilance Chief revealed that corruption has also been detected in the purchase of 6,700 Sq. Yards commercial land in Sanauli village, SAS Nagar by the above mentioned accused persons for Rs 10,11,70,000 crore. In this case the accused committed a fraud of Rs. 1.50 crore approximately and had mentioned higher rates than the paid amount the party. This land was purchased by the accused Sarpanch in connivance with his relative Darshan Singh of Village Kanwarpur (Uksi Jattan), Darshan Singh Hallomajra, UT Chandigarh and Swarn Singh of village Tiwana in Fatehgarh Sahib district. The then BDPO Sarao and DDPO Dhillon had accorded sanction to the gram panchayat Jheurheri to purchase land without approval of competent authorities, he informed.

## ਵਿਜੀਲੈਂਸ ਬਿਓਰੋ, ਪੰਜਾਬ

### ਪਿੰਡ ਝਿਉਰਹੇੜੀ ਦੀ ਪੰਚਾਇਤੀ ਜ਼ਮੀਨ ਖਰੀਦਣ ਲਈ ਹੋਈ ਘਪਲੇਬਾਜ਼ੀ 'ਚ ਡੀ.ਡੀ.ਪੀ.ਓ. ਤੇ ਬੀ.ਡੀ.ਪੀ.ਓ. ਸਣੇ ਪੰਜਾਇਤ ਸਕੱਤਰ ਗ੍ਰਿਫਤਾਰ

- ਅਦਾਲਤ ਵੱਲੋਂ ਦੋ ਦਿਨਾਂ ਦਾ ਵਿਜੀਲੈਂਸ ਰਿਮਾਂਡ

ਚੰਡੀਗੜ੍ਹ/ਸਾਹਿਬਜਾਦਾ ਅਜੀਤ ਸਿੰਘ ਨਗਰ : ਪੰਜਾਬ ਵਿਜੀਲੈਂਸ ਬਿਓਰੋ ਨੇ ਅੱਜ ਗ੍ਰਾਮ ਪੰਚਾਇਤ ਪਿੰਡ ਝਿਉਰਹੇੜੀ ਦੇ ਨਾਮ 'ਤੇ ਵੱਖ-ਵੱਖ ਥਾਵਾਂ 'ਤੇ 25 ਏਕੜ ਤੋਂ ਵੱਧ ਜ਼ਮੀਨ ਖਰੀਦਣ ਵਿਚ ਹੋਈ ਕਰੀਬ 8 ਕਰੋੜ ਰੁਪਏ ਦੀ ਘਪਲੇਬਾਜੀ ਦੀ ਪੜ੍ਹਤਾਲ ਉਪਰੰਤ ਉਸ ਵੇਲੇ ਤਾਇਨਾਤ ਡੀ.ਡੀ.ਪੀ.ਓ. ਐਸ.ਏ.ਐਸ. ਨਗਰ ਗੁਰਬਿੰਦਰ ਸਿੰਘ ਸਰਾਓ ਅਤੇ ਮਲਵਿੰਦਰ ਸਿੰਘ ਬੀ.ਡੀ.ਪੀ.ਓ ਖਰੜ ਸਮੇਤ ਰਵਿੰਦਰ ਸਿੰਘ ਗ੍ਰਾਮ ਪੰਚਾਇਤ ਸਕੱਤਰ ਨੂੰ ਗ੍ਰਿਫਤਾਰ ਕਰਕੇ ਅਦਾਲਤ ਤੋਂ ਦੋ ਦਿਨ ਦਾ ਰਿਮਾਂਡ ਲੈ ਲਿਆ ਹੈ।

ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਓਰੋ ਦੇ ਮੁੱਖ ਨਿਰਦੇਸ਼ਕ-ਕਮ-ਏ.ਡੀ.ਜੀ.ਪੀ. ਸ੍ਰੀ ਬੀ.ਕੇ. ਉਪਲ ਨੇ ਦੱਸਿਆ ਕਿ ਵਿਜੀਲੈਂਸ ਬਿਓਰੋ ਅਤੇ ਪੰਚਾਇਤ ਵਿਭਾਗ ਵੱਲੋਂ ਕੀਤੀ ਜਾਂਚ ਦੌਰਾਨ ਪਾਇਆ ਗਿਆ ਕਿ ਰਾਜ ਸਰਕਾਰ ਵੱਲੋਂ ਮੁਹਾਲੀ ਹਵਾਈ ਅੱਡੇ ਦਾ ਵਿਸਥਾਰ ਕਰਨ ਮੌਕੇ ਪਿੰਡ ਝਿਉਰਹੇੜੀ

ਦੀ ਕਰੀਬ 36 ਏਕੜ ਪੰਚਾਇਤ ਦੇਹ ਜ਼ਮੀਨ ਅਕਵਾਇਰ ਕੀਤੀ ਗਈ ਜਿਸ ਦਾ ਮੁਆਵਜ਼ਾ 1.50 ਕਰੋੜ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ 54,16,87,500 ਰੁਪਏ ਜਾਰੀ ਕੀਤਾ ਗਿਆ ਸੀ ਅਤੇ ਇਹ ਰਕਮ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੀ ਨਿਗਰਾਨੀ 'ਤੇ ਰੱਖੀ ਗਈ ਸੀ ਪਰ ਸਾਲ 2013 ਵਿਚ ਸਰਪੰਚ ਗੁਰਪਾਲ ਸਿੰਘ ਨੇ ਪੰਚਾਇਤ ਵੱਲੋਂ ਪਾਸ ਮਤੇ ਦੇ ਉਲਟ ਮਹਿਕਮੇ ਦੇ ਅਧਿਕਾਰੀਆਂ, ਕਮਰਚਾਰੀਆਂ, ਸਰਪੰਚ ਅਤੇ ਹੋਰਨਾਂ ਨੇ ਰਲ ਕੇ ਵੱਖ-ਵੱਖ ਥਾਵਾਂ 'ਤੇ ਜ਼ਮੀਨ ਖਰੀਦਣ ਵਿੱਚ ਘਪਲੇਬਾਜ਼ੀ ਕੀਤੀ।

ਉਨਾਂ ਦੱਸਿਆ ਕਿ ਇਹਨਾਂ ਵਿਅਕਤੀਆਂ ਨੇ ਜ਼ਮੀਨ ਖਰੀਦਣ ਸਬੰਧੀ ਸਰਕਾਰੀ ਹਦਾਇਤਾਂ ਤੋਂ ਜਾਣੂੰ ਹੁੰਦੇ ਹੋਏ ਵੀ ਆਪਣੇ ਨਿੱਜੀ ਲਾਭ ਲਈ ਇਹ ਜ਼ਮੀਨ ਕੁਲੈਕਟਰ ਰੇਟ ਅਤੇ ਮਾਰਕੀਟ ਰੇਟਾਂ ਤੋਂ ਬਹੁਤ ਉਚੇ ਰੇਟ 'ਤੇ ਖਰੀਦਕੇ ਸਰਕਾਰ ਅਤੇ ਗਰਾਮ ਪੰਚਾਇਤ ਨੂੰ ਭਾਰੀ ਨੁਕਸਾਨ ਪਹੁੰਚਾਇਆ ਜਿਸ ਕਰਕੇ ਉਕਤ ਦੋਸ਼ੀਆਂ ਡੀ.ਡੀ.ਪੀ.ਓ., ਬੀ.ਡੀ.ਪੀ.ਓ. ਅਤੇ ਪੰਚਾਇਤ ਸਕੱਤਰ ਸਮੇਤ ਸੁਰਿੰਦਰ ਸਿੰਘ ਉਰਫ ਸੁਰਿੰਦਰ ਖਾਨ ਵਾਸੀ ਮੂਲੇਪੁਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਮੁਹੰਮਦ ਸੁਹੇਲ ਚੌਹਾਨ ਵਾਸੀ ਮਕਾਨ ਨੰਬਰ 991, ਸੈਕਟਰ 79, ਮੋਹਾਲੀ, ਦਰਸ਼ਨ ਸਿੰਘ ਵਾਸੀ ਹੱਲੋਮਾਜਰਾ (ਯੂ.ਟੀ.), ਸਵਰਨ ਸਿੰਘ ਪਿੰਡ ਟਿਵਾਣਾ ਤਹਿਸੀਲ ਡੇਰਾਬੱਸੀ ਜ਼ਿਲ੍ਹਾ ਮੋਹਾਲੀ ਅਤੇ ਦਰਸ਼ਨ ਸਿੰਘ ਵਾਸੀ ਕੰਵਰਪੁਰ (ਉਕਸੀ ਜੱਟਾਂ) ਜ਼ਿਲ੍ਹਾ ਪਟਿਆਲਾ ਖਿਲਾਫ਼ ਭਾਰਤੀ ਦੰਡਾਵਲੀ ਦੀ ਧਾਰਾ 409, 420, 465, 467, 471, 120-ਬੀ. ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) (ਡੀ) ਤੇ 13 (2) ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕੀਤੀ ਹੈ।

ਉਨਾਂ ਦੱਸਿਆ ਕਿ ਗ੍ਰਾਮ ਪੰਚਾਇਤ ਵੱਲੋਂ ਮਤਾ ਪਾਸ ਕਰਕੇ ਮੁਆਵਜੇ ਦੀ ਰਕਮ ਨਾਲ ਪੰਚਾਇਤ ਦੀ ਹਦੂਦ ਨਾਲ ਲਗਦੇ ਸ਼ਹਿਰੀ ਖੇਤਰ ਵਿਚ ਬੂਥ ਅਤੇ ਸ਼ੋਅ ਰੂਮ ਸਾਈਟ ਸਰਕਾਰ ਵੱਲੋਂ ਨਿਰਧਾਰਤ ਨੀਤੀ ਅਤੇ ਸ਼ਰਤਾਂ ਅਨੁਸਾਰ ਖਰੀਦ ਕਰਨ ਲਈ ਤਜਵੀਜ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਰਾਹੀਂ ਸਰਕਾਰ ਨੂੰ ਭੇਜਣ ਬਾਰੇ ਲਿਖਿਆ ਗਿਆ। ਇਸ ਬਾਰੇ ਰਿਪੋਰਟ ਬੀ.ਡੀ.ਪੀ.ਓ ਖਰੜ ਵੱਲੋਂ ਮਿਤੀ 24.9.2015 ਨੂੰ ਜਿਲਾ ਵਿਕਾਸ ਤੇ ਪੰਚਾਇਤ ਅਫਸਰ ਮੋਹਾਲੀ ਨੂੰ ਭੇਜੀ ਗਈ ਅਤੇ ਉਨਾਂ ਮਿਤੀ 6.10.2015 ਨੂੰ ਇਹ ਤਜਵੀਜ ਡਵੀਨਲ ਡਿਪਟੀ ਡਾਇਰੈਕਟਰ ਪਟਿਆਲਾ ਪਾਸ ਭੇਜੀ ਦਿੱਤੀ। ਉਨਾਂ ਮਿਤੀ 9.11.2015 ਰਾਹੀਂ ਡਿਪਟੀ ਡਾਇਰੈਕਟਰ (ਭੌਂ ਤੇ ਵਿਕਾਸ) ਪਾਸ ਮੰਜੂਰੀ ਲਈ ਤਜਵੀਜ ਭੇਜੀ ਜਿਨਾਂ ਤਜਵੀਜ਼ ਉਤੇ ਇਤਰਾਜਾਂ ਉਠਾਏ ਗਏ। ਇਹ ਤਜਵੀਜ ਇਤਰਾਜ਼ਾਂ ਦੀ ਪੂਰਤੀ ਕਰਨ ਲਈ ਡੀ.ਡੀ.ਪੀ.ਓ ਮੋਹਾਲੀ ਨੂੰ 5.1.2016 ਨੂੰ ਭੇਜੀ ਗਈ ਅਤੇ ਮਿਤੀ 6.6.2016 ਤੱਕ 9 ਚਿਤਾਵਨੀ ਪੱਤਰ ਲਿਖਣ ਦੇ ਬਾਵਜੂਦ ਵੀ ਇਸ ਤਜਵੀਜ ਸਬੰਧੀ ਇਤਰਾਜ ਪੂਰੇ ਕਰਕੇ ਇਹ ਤਜਵੀਜ ਵਾਪਸ ਸਰਕਾਰ ਦੀ ਪ੍ਰਵਾਨਗੀ ਲਈ ਨਹੀਂ ਭੇਜੀ ਗਈ।

ਪੜਤਾਲ ਅਨੁਸਾਰ ਇਸ ਤਜਵੀਜ ਨੂੰ ਗੁਰਬਿੰਦਰ ਸਿੰਘ ਸਰਾਓ ਡੀ.ਡੀ.ਪੀ.ਓ ਨੇ ਬਿਨਾ ਕਿਸੇ ਕਾਰਨ ਆਪਣੇ ਦਫਤਰ ਵਿਚ ਦਬਾ ਕੇ ਰਖਿਆ ਜਿਸ ਕਰਕੇ ਜਮੀਨ ਖਰੀਦ ਕਰਨ ਲਈ ਸਰਕਾਰ ਵੱਲੋਂ ਗ੍ਰਾਮ ਪੰਚਾਇਤ ਪਿੰਡ ਝਿਊਰਹੇੜੀ ਨੂੰ ਕੋਈ ਲਿਖਤੀ ਪ੍ਰਬੰਧਕੀ ਪ੍ਰਵਾਨਗੀ ਨਹੀਂ ਦਿੱਤੀ ਗਈ। ਇਸ ਦੌਰਾਨ ਗ੍ਰਾਮ ਪੰਚਾਇਤ ਝਿਊਰਹੇੜੀ ਵੱਲੋਂ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੀ ਸਲਾਹ 'ਤੇ ਇਕ ਨਵਾਂ ਮਤਾ ਮਿਤੀ 1 ਫਰਵਰੀ 2016 ਨੂੰ ਪਾਸ ਕਰਕੇ ਸਿੱਧੇ ਤੌਰ 'ਤੇ ਉਨ੍ਹਾਂ ਨੂੰ ਭੇਜਿਆ ਗਿਆ। ਇਸ ਮਤੇ ਵਿਚ ਅਕਵਾਇਰ ਕੀਤੀ ਗਈ ਪੰਚਾਇਤੀ ਜਮੀਨ ਦੇ ਮੁਆਵਜੇ ਦੀ ਪ੍ਰਾਪਤ ਹੋਈ ਰਕਮ ਨਾਲ ਪੇਂਡੂ ਖੇਤਰ ਵਿਚ ਵਾਹੀਯੋਗ ਜਮੀਨ ਅਤੇ ਕੁਝ ਕਮਰਸ਼ੀਅਲ ਸੋਅਰੂਮ ਸ਼ਹਿਰੀ ਖੇਤਰ ਵਿਚ ਖਰੀਦ ਕਰਨ ਲਈ 15 ਕਰੋੜ ਰੁਪਏ ਦੀ ਰਾਸ਼ੀ ਮੰਜੂਰ ਕਰਨ ਲਈ ਲਿਖਿਆ ਗਿਆ।

ਇਸ ਮਤੇ ਦੇ ਅਧਾਰ 'ਤੇ ਉਸ ਸਮੇਂ ਤਾਇਨਾਤ ਡਾਇਰੈਕਟਰ ਪੰਚਾਇਤ ਨੇ ਗ੍ਰਾਮ ਪੰਚਾਇਤ ਦੀ ਮੰਗ ਮੁਤਾਬਿਕ ਆਪਣੇ ਵਲੋਂ 10.2.2016 ਨੂੰ ਕੀਤੇ ਗਏ ਹੁਕਮਾਂ ਅਨੁਸਾਰ 15 ਕਰੋੜ ਦੀ ਰਾਸ਼ੀ ਦਾ ਚੈਕ ਗ੍ਰਾਮ

ਪੰਚਾਇਤ ਝਿਊਰਹੇੜੀ ਨੂੰ ਭੇਜਿਆ ਗਿਆ। ਇਸ ਰਾਸ਼ੀ ਨਾਲ ਝਿਊਰਹੇੜੀ ਪੰਚਾਇਤ ਵਲੋਂ ਪਿੰਡ ਕੈਦੀਪੁਰ ਅਤੇ ਕਰੀਮਪੁਰਾ ਵਿਖੇ ਕਰੀਬ 25 ਏਕੜ ਵਾਹੀਯੋਗ ਜਮੀਨ ਖਰੀਦ ਕਰਨ ਸਬੰਧੀ ਤਿੰਨ ਸੌਦੇ ਵਸੀਕਾ ਮਿਤੀ 6.4.2016, ਵਸੀਕਾ ਮਿਤੀ 6.4.2016, ਵਸੀਕਾ ਮਿਤੀ 27.4.2016 ਰਾਹੀਂ ਕੀਤੇ ਗਏ। ਇਸ ਜਮੀਨ ਦਾ ਸੌਦਾ ਸੁਰਿੰਦਰ ਸਿੰਘ ਉਰਫ ਸੁਰਿੰਦਰ ਖਾਨ ਵਾਸੀ ਮੁਲੇਪੁਰ ਜਿਲਾ ਫਤਹਿਗੜ੍ਹ ਅਤੇ ਉਸਦੇ ਭਾਂਣਜੇ ਮੁਹੰਮਦ ਸੁਹੇਲ ਚੌਹਾਨ ਸੈਕਟਰ 79 ਮੋਹਾਲੀ ਅਤੇ ਬਲਦੇਵ ਸਿੰਘ ਵਾਸੀ ਵਜੀਦਪੁਰ ਤਹਿਸੀਲ ਡੇਰਾਬੱਸੀ ਨਾਮ ਦੇ ਦਲਾਲਾਂ ਵੱਲੋਂ ਕਰਵਾਇਆ ਗਿਆ।

ਉਨਾਂ ਦੱਸਿਆ ਕਿ ਮਿਤੀ 6.4.2016 ਰਾਹੀਂ ਜਗਜੀਤ ਸਿੰਘ, ਸਵਰਨ ਕੌਰ, ਹਰਭਜਨ ਕੌਰ ਅਤੇ ਨਵਨੀਤ ਸਿੰਘ ਵੱਲੋਂ ਪਿੰਡ ਕਰੀਮਪੁਰਾ ਅਤੇ ਪਿੰਡ ਕੰਦੀਪੁਰ ਦੀ ਜੋ 165 ਕਨਾਲ 18 ਮਰਲੇ ਜਮੀਨ ਗ੍ਰਾਮ ਪੰਚਾਇਤ ਝਿਊਰਹੇੜੀ ਨੂੰ ਵੇਚੀ ਗਈ ਉਸ ਜਮੀਨ ਦਾ ਸੌਦਾ 29, 50,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਤੈਅ ਹੋਇਆ ਅਤੇ ਇਸੇ ਹਿਸਾਬ ਨਾਲ ਵੇਚਦਾਰ ਧਿਰ ਨੂੰ ਅਦਾਇਗੀ ਕੀਤੀ ਗਈ ਜੋ ਕੁੱਲ 6,11,75,625 ਰੁਪਏ ਬਣਦੀ ਸੀ। ਜਦੋਂਕਿ ਖਰੀਦਦਾਰ ਧਿਰ ਗ੍ਰਾਮ ਪੰਚਾਇਤ ਝਿਊਰਹੇੜੀ ਵੱਲੋਂ ਇਹ ਜਮੀਨ 54 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਖਰੀਦੀ ਦਿਖਾ ਕੇ 11,19,82,500 ਰੁਪਏ ਦਾ ਖਰਚ ਸਟੈਂਪ ਡਿਊਟੀ ਅਤੇ ਹੋਰ ਖਰਚਿਆਂ ਤੋਂ ਬਿਨਾ ਕੀਤਾ ਵਿਖਾਇਆ ਗਿਆ। ਇਹ ਜਮੀਨ ਖਰੀਦ ਕਰਨ ਸਮੇਂ ਕੁੱਲ 5,08, 06, 875 ਰੁਪਏ ਦਾ ਘਪਲਾ ਕੀਤਾ ਗਿਆ।

ਉਨਾਂ ਦੱਸਿਆ ਕਿ ਇਸ ਤਰ੍ਹਾਂ ਹਰਪਾਲ ਸਿੰਘ ਵਲੋਂ ਗ੍ਰਾਮ ਪੰਚਾਇਤ ਨੂੰ 36 ਕਨਾਲ 1 1/3 ਮਰਲੇ ਜਮੀਨ ਮਿਤੀ 27.4.2016 ਨੂੰ ਵੇਚੀ ਗਈ। ਇਸ ਜਮੀਨ ਦਾ ਸੌਦਾ 23,50,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਹੋਇਆ। ਇਸੇ ਹਿਸਾਬ ਨਾਲ ਵੇਚਦਾਰ ਧਿਰ ਨੂੰ ਅਦਾਇਗੀ ਕੀਤੀ ਗਈ ਜੋ ਕੁੱਲ 1,05,94,093 ਰੁਪਏ ਬਣਦੀ ਸੀ ਜਦੋਂ ਕਿ ਖਰੀਦਦਾਰ ਧਿਰ ਗ੍ਰਾਮ ਪੰਚਾਇਤ ਝਿਊਰਹੇੜੀ ਵਲੋਂ ਇਹ ਜਮੀਨ 54 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਖਰੀਦੀ ਵਿਖਾ ਕੇ ਇਸ ਉਪਰ 2,43,43,85 ਰੁਪਏ ਦਾ ਖਰਚ ਸਟੈਂਪ ਡਿਊਟੀ ਅਤੇ ਹੋਰ ਖਰਚਿਆਂ ਤੋਂ ਬਿਨਾ ਕੀਤਾ ਵਿਖਾਇਆ ਗਿਆ। ਇਹ ਜਮੀਨ ਖਰੀਦ ਕਰਨ ਸਮੇਂ ਕੁੱਲ 1,37,49,781 ਰੁਪਏ ਦਾ ਘਪਲਾ ਕਰਨਾ ਪਾਇਆ ਗਿਆ ਹੈ।

ਸ੍ਰੀ ਉਪਲ ਨੇ ਦੱਸਿਆ ਕਿ ਇਸੇ ਤਰਾਂ ਪਿੰਡ ਕਰੀਮਪੁਰਾ ਅਤੇ ਪਿੰਡ ਕੰਦੀਪੁਰਾ ਵਿਖੇ ਜੋ 25 ਕਿੱਲੇ 9 ਮਰਲੇ ਜਮੀਨ ਗ੍ਰਾਮ ਪੰਚਾਇਤ ਝਿਊਰਹੇੜੀ ਦੇ ਨਾਮ ’ਤੇ ਖਰੀਦ ਕੀਤੀ ਗਈ ਉਸ ਜਮੀਨ ਦੀ ਖਰੀਦ ਵਿਚ 5,08,06,975 ਰੁਪਏ ਦੇ ਨਾਲ 1,37,49,781 ਰੁਪਏ ਕੁੱਲ 6,45,56,656 ਰੁਪਏ ਦਾ ਘਪਲਾ ਕੀਤਾ ਗਿਆ। ਉਨਾਂ ਦੱਸਿਆ ਕਿ ਇਸ ਜ਼ਮੀਨ ਸਬੰਧੀ ਡਿਪਟੀ ਕਮਿਸ਼ਨਰ ਫਤਿਹਗੜ੍ਹ ਸਾਹਿਬ ਵੱਲੋਂ ਉਪ ਮੰਡਲ ਮੈਜਿਸਟ੍ਰੇਟ ਬਸੀ ਪਠਾਣਾਂ ਰਾਹੀਂ ਦਿੱਤੀ ਰਿਪੋਰਟ ਵਿੱਚ ਲਿਖਿਆ ਹੈ ਕਿ ਪਿੰਡ ਕੰਦੀਪੁਰ ਅਤੇ ਕਰੀਮਪੁਰਾ ਵਿੱਚ ਇੱਕ ਜਾਂ ਦੋ ਕਿੱਲੇ ਜ਼ਮੀਨ ਦਾ ਮਾਰਕੀਟ ਰੇਟ ਤਕਰੀਬਨ 15 ਤੋਂ 17 ਲੱਖ ਰੁਪਏ ਪ੍ਰਤੀ ਏਕੜ ਹੈ ਅਤੇ ਜੇਕਰ 15 ਏਕੜ ਜਾਂ ਇਸ ਤੋਂ ਵੱਧ ਜ਼ਮੀਨ ਦਾ ਟੱਕ ਖਰੀਦਿਆ ਜਾਂ ਵੇਚਿਆ ਜਾਂਦਾ ਹੈ ਤਾਂ ਮਾਰਕੀਟ ਰੇਟ 20 ਤੋਂ 25 ਲੱਖ ਰੁਪਏ ਪ੍ਰਤੀ ਏਕੜ ਵਿਚਕਾਰ ਹੈ। ਉਨਾਂ ਪਿੰਡ ਕਰੀਮਪੁਰਾ ਅਤੇ ਪਿੰਡ ਕੰਦੀਪੁਰ ਦੀ ਜ਼ਮੀਨ ਦਾ ਕੁਲੈਕਟਰ ਰੇਟ ਸਾਲ 2016-17 ਲਈ 9.77 ਲੱਖ ਰੁਪਏ ਪ੍ਰਤੀ ਏਕੜ ਦੱਸਿਆ ਹੈ।

ਉਨਾਂ ਦੱਸਿਆ ਕਿ ਇਸੇ ਤਰ੍ਹਾਂ ਪਿੰਡ ਸਨੌਲੀ ਵਿਖੇ ਮਿਤੀ 03.04.2017 ਨੂੰ 6700 ਵਰਗ ਗਜ਼ ਜ਼ਮੀਨ 10,11,70,000/- ਰੁਪਏ ਵਿਚ ਗਰਾਮ ਪੰਚਾਇਤ ਪਿੰਡ ਝਿਊਰਹੇੜੀ ਦੇ ਨਾਮ ਉਪਰ ਖਰੀਦੀ ਗਈ ਜਿਸ ਵਿੱਚ ਵੀ ਡੇਢ ਕਰੋੜ ਰੁਪਏ ਦੀ ਘਪਲੇਬਾਜ਼ੀ ਸਾਹਮਣੇ ਆਈ ਹੈ ਅਤੇ ਇਸ ਜ਼ਾਇਦਾਦ ਨੂੰ ਖਰੀਦਣ ਲਈ ਅਸਲ ਨਾਲੋਂ ਵੱਧ ਰਕਮ ਦਸਤਾਵੇਜ਼ਾਂ ਵਿੱਚ ਵਿਖਾਈ ਗਈ। ਉਹ ਰਕਮ ਵੇਚਦਾਰਾਂ ਤੋਂ ਦਰਸ਼ਨ ਸਿੰਘ

ਪੁੱਤਰ ਪਾਲ ਸਿੰਘ ਵਾਸੀ ਪਿੰਡ ਕੰਵਰਪੁਰ (ਉਕਸੀ ਜੱਟਾਂ) ਤਹਿਸੀਲ ਰਾਜਪੁਰਾ ਜ਼ਿਲ੍ਹਾ ਪਟਿਆਲਾ (ਜੋ ਸਰਪੰਚ ਗੁਰਪਾਲ ਸਿੰਘ ਦਾ ਸਾਢੂ ਲੱਗਦਾ ਹੈ) ਰਾਹੀਂ ਦੋਸ਼ੀ ਗੁਰਪਾਲ ਸਿੰਘ ਸਰਪੰਚ ਨੇ ਵਾਪਸ ਲੈ ਕੇ ਹੋਰਾਂ ਨਾਲ ਮਿਲ ਕੇ ਹੜੱਪ ਲਈ।

ਉਨਾਂ ਕਿਹਾ ਪਿੰਡ ਸਨੌਲੀ ਤਹਿਸੀਲ ਜ਼ੀਰਕਪੁਰ ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਜ਼ਮੀਨ ਖਰੀਦਣ ਸਮੇਂ ਗੁਰਬਿੰਦਰ ਸਿੰਘ ਸਰਾਓ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਐਸ.ਏ.ਐਸ. ਨਗਰ (ਮੋਹਾਲੀ) ਨੂੰ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਖਰੜ ਵੱਲੋਂ ਪੰਚਾਇਤ ਦੇ ਮਤੇ ਅਨੁਸਾਰ ਮਿਤੀ 28.03.2017 ਰਾਹੀਂ 6700 ਵਰਗ ਗਜ ਵਪਾਰਕ ਜਗ੍ਹਾ ਖਰੀਦਣ ਸਬੰਧੀ ਇੱਕ ਪੱਤਰ ਲਿਖਿਆ ਗਿਆ ਲੇਕਿਨ ਜਤਿੰਦਰ ਸਿੰਘ ਢਿੱਲੋਂ ਬੀ.ਡੀ.ਪੀ.ਓ. ਅਤੇ ਗੁਰਪਾਲ ਸਿੰਘ ਸਰਪੰਚ ਨੇ ਮਨਜ਼ੂਰੀ ਲੈਣ ਤੋਂ ਪਹਿਲਾਂ ਹੀ ਮਿਤੀ 03.04.2017 ਨੂੰ 6 ਵਿਘੇ 14 ਬਿਸਵੇ ਜ਼ਮੀਨ ਪਿੰਡ ਸਨੌਲੀ ਵਿਖੇ ਖਰੀਦ ਲਈ। ਇਨਾਂ ਨੇ ਇਸ ਤੋਂ ਪਹਿਲਾਂ ਹੀ ਮਿਤੀ 28.2.2017 ਨੂੰ ਲਗਭਗ 9.5 ਕਰੋੜ ਦੀ ਅਦਾਇਗੀ ਬਿਆਨੇ ਵਜੋਂ ਆਪਣੇ ਹੀ ਪੱਧਰ 'ਤੇ ਬਿਨਾਂ ਸਰਕਾਰ ਦੀ ਮੰਨਜ਼ੂਰੀ ਦੇ ਕਰ ਦਿੱਤੀ। ਗੁਰਬਿੰਦਰ ਸਿੰਘ ਸਰਾਓ ਡੀ.ਡੀ.ਪੀ.ਓ. ਨੇ ਮਿਲੀ ਭੁਗਤ ਕਰਕੇ ਇਸ ਜ਼ਮੀਨ ਨੂੰ ਖਰੀਦਣ ਸਬੰਧੀ ਮੰਨਜ਼ੂਰੀ ਜ਼ਮੀਨ ਖਰੀਦੇ ਜਾਣ ਤੋਂ ਬਾਅਦ ਮਿਤੀ 05.04.2017 ਰਾਹੀਂ ਦੇ ਦਿੱਤੀ ਜਦੋਂ ਕਿ ਉਸ ਨੂੰ ਅਜਿਹੀ ਮਨਜ਼ੂਰੀ ਦੇਣ ਦਾ ਕੋਈ ਅਧਿਕਾਰ ਹੀ ਨਹੀਂ ਸੀ ਅਤੇ ਉਸ ਕੋਲ ਪਹਿਲਾਂ ਹੀ ਝਿਊਰਹੇੜੀ ਪੰਚਾਇਤ ਲਈ ਜ਼ਮੀਨ ਖਰੀਦਣ ਸਬੰਧੀ ਇੱਕ ਹੋਰ ਤਜਵੀਜ਼ ਲੰਮੇ ਸਮੇਂ ਤੋਂ ਇਤਰਾਜਾਂ ਦੀ ਪੂਰਤੀ ਲਈ ਲੰਬਿਤ ਪਈ ਸੀ।

ਇਸ ਮਾਮਲੇ ਵਿੱਚ ਗੁਰਪਾਲ ਸਿੰਘ ਸਰਪੰਚ, ਗੁਰਬਿੰਦਰ ਸਿੰਘ ਸਰਾਓ, ਜਤਿੰਦਰ ਸਿੰਘ ਢਿੱਲੋਂ, ਰਵਿੰਦਰ ਸਿੰਘ ਪੰਚਾਇਤ ਸਕੱਤਰ ਨੇ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਉਲੰਘਣਾ ਕਰਕੇ ਆਪਣੇ ਨਿੱਜੀ ਲਾਭ ਲਈ ਉਕਤ ਸਰਪੰਚ ਦੇ ਸਾਢੂ ਦਰਸ਼ਨ ਸਿੰਘ ਵਾਸੀ ਕੰਵਰਪੁਰ ਤਹਿਸੀਲ ਰਾਜਪੁਰਾ, ਦਰਸ਼ਨ ਸਿੰਘ ਵਾਸੀ ਹੱਲੋਮਾਜਰਾ, ਚੰਡੀਗੜ੍ਹ ਅਤੇ ਸਵਰਨ ਸਿੰਘ ਪਿੰਡ ਟਿਵਾਣਾ ਨਾਲ ਮਿਲੀਭੁਗਤ ਕਰਕੇ ਇਹ ਜ਼ਮੀਨ ਕੁਲੈਕਟਰ ਅਤੇ ਮਾਰਕੀਟ ਰੇਟਾਂ ਤੋਂ ਬਹੁਤ ਉਚੇ ਭਾਅ 'ਤੇ ਖਰੀਦਕੇ ਸਰਕਾਰ ਅਤੇ ਪਿੰਡ ਪੰਚਾਇਤ ਨੂੰ ਭਾਰੀ ਵਿੱਤੀ ਨੁਕਸਾਨ ਪਹੁੰਚਾ ਕੇ ਇਹ ਸਾਰੀ ਘਪਲੇਬਾਜ਼ੀ ਕੀਤੀ। ਇਨਾਂ ਨੇ ਇਸ ਖਰੀਦੀ 6700 ਵਰਗ ਗਜ ਜਗ੍ਹਾ ਵਿੱਚ ਪਹਿਲਾਂ ਤੋਂ ਬਣੇ 2 ਮੰਜ਼ਿਲਾਂ ਮਕਾਨ ਅਤੇ ਇਸ ਦੁਆਲੇ ਕੀਤੀ ਗਈ ਚਾਰਦੀਵਾਰੀ ਦਾ ਵਸੀਕੇ ਵਿੱਚ ਵੀ ਕੋਈ ਜ਼ਿਕਰ ਨਹੀਂ ਕੀਤਾ।